## ਹੁਕਮ, ਪੰਜਾਬ ਸਕੂਲ ਸਿੱਖਿਆ ਬੋਰਡ

1. ਪੰਜਾਬ ਸਕੂਲ ਸਿੱਖਿਆ ਬੋਰਡ ਐਕਟ 1969, ਸੋਧਿਆ ਐਕਟ 1987,2000 ਅਤੇ 2005 ਦੀ ਧਾਰਾ 16 ਅਤੇ 17 ਅਧੀਨ ਸੰਸਥਾ **ਸੇਂਟ ਰੀਤਾ ਸੀਨੀਅਰ ਸੈਕੰਡਰੀ ਸਕੂਲ, ਭੋਜੀਆਂ (ਤਰਨ ਤਾਰਨ)** ਨੂੰ ਸੀਨੀਅਰ ਸੈਕੰਡਰੀ **(ਹਿਊਮੈਂਨਟੀਜ਼ ਅਤੇ ਕਾਮਰਸ) ਗਰੁੱਪ** ਦੀ ਵਿੱਦਿਅਕ ਸਾਲ 2024-25 ਤੋਂ ਆਰਜ਼ੀ ਐਫੀਲੀਏਸਨ ਦਿੱਤੀ ਜਾਂਦੀ ਹੈ।
2. **ਸੰਸਥਾ ਵਿੱਦਿਅਕ ਸੈਸ਼ਨ 01-04**-2024, ਸਾਲ 2024-25 ਲਈ ਗਰੁੱਪ ਗਿਆਰ੍ਹਵੀਂ ਸ੍ਰੇਣੀ ਵਿੱਚ **ਹਿਊਮੈਂਨਟੀਜ਼ ਅਤੇ ਕਾਮਰਸ** ਦੇ ਵਿਦਿਆਰਥੀ ਦਾਖਲਾ ਕਰਨ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ।
3. ਸੰਸਥਾ ਨੂੰ ਸੀਨੀਅਰ ਸੈਕੰਡਰੀ **ਹਿਊਮੈਂਨਟੀਜ਼ ਗਰੁੱਪ ਲਈ 60 ਵਿਦਿਆਰਥੀ ਅਤੇ ਕਾਮਰਸ** ਗਰੁੱਪ ਲਈ 50 ਵਿਦਿਆਰਥੀਆਂ ਦੇ ਇੱਕ-ਇੱਕ ਸੈਕਸ਼ਨ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ।

ਇਹ ਆਰਜ਼ੀ ਸਬੰਧਤਾ ਨਿਮਨ ਸ਼ਰਤਾਂ ਤੇ ਹੋਵੇਗੀ:-

ੳ. ਸੰਸਥਾ ਵੱਲੋਂ ਐਫੀਲੀਏਸ਼ਨ ਵਿਨਿਯਮਾਂ ਅਤੇ ਇਸ ਵਿੱਚ ਸਮੇਂ-2 ਕੀਤੀਆਂ ਜਾਂਦੀਆਂ ਸੋਧਾਂ ਦੀ ਇੰਨ ਬਿੰਨ ਪਾਲਣਾ ਕੀਤੀ ਜਾਵੇ।

ਅ. ਸੰਸਥਾ, ਐਫੀਲੀਏਸ਼ਨ ਵਿਨਿਯਮ ਦੀ ਧਾਰਾ 11 ਅਨੁਸਾਰ, ਐਫੀਲੀਏਸ਼ਨ ਦੀ ਮਿਆਦ ਵਿੱਚ ਵਾਧਾ ਕਰਨ ਲਈ (Preceding Year) 30 ਸਤੰਬਰ ਤੋਂ ਪਹਿਲਾਂ-ਪਹਿਲਾਂ ਹਰ ਸਾਲ ਸਲਾਨਾ ਪ੍ਰਗਤੀ ਰਿਪੋਰਟ (ਅਨੁਲੱਗ-ਬੀ ਪ੍ਰੋਫ਼ਾਰਮਾ ਸਮੇਤ ਦਸਤਾਵੇਜ, ਫੀਸ) ਐਫੀਲੀਏਸ਼ਨ ਸਾਖਾ ਦੇ Online E-Portal ਰਾਹੀਂ ਜਮ੍ਹਾ ਕਰਵਾਏਗੀ।

ੲ. ਐਫੀਲੀਏਸ਼ਨ ਸਬੰਧੀ ਵਿਨਿਯਮ/ਹਦਾਇਤਾ ਬੋਰਡ ਦੀ website: https:// www.pseb.ac.in ਤੇ ਉਪਲੱਬਧ ਹਨ, ਇਹਨਾਂ ਵਿਨਿਯਮਾਂ/ਹਦਾਇਤਾਂ ਦੀ ਕਿਸੇ ਵੀ ਸਟੇਜ ਤੇ ਕੀਤੀ ਗਈ ਉਲੰਘਣਾ ਨੂੰ ਗੰਭੀਰਤਾ ਨਾਲ ਲਿਆ ਜਾਵੇਗਾ ਅਤੇ ਸੰਸਥਾ ਵਿਰੁੱਧ ਵਿਨਿਯਮਾਂ ਅਧੀਨ ਕਾਰਵਾਈ ਕੀਤੀ ਜਾਵੇਗੀ।

ਸ. ਸੰਸਥਾ, ਬੋਰਡ ਵੱਲੋਂ ਨਿਰਧਾਰਤ ਪਾਠ-ਕ੍ਰਮ ਅਨੁਸਾਰ ਲਗਾਈਆਂ ਪੁਸਤਕਾਂ ਹੀ ਪੜ੍ਹਾਏਗੀ ਅਤੇ ਵਿਦਿਆਰਥੀਆਂ ਤੋਂ ਫੀਸਾਂ ਵੀ ਵਿਨਿਯਮਾਂ ਅਨੁਸਾਰ ਹੀ ਲਈਆਂ ਜਾਣਗੀਆਂ।

ਹ. ਨਮਿਤ ਕੁਮਾਰ V/s ਚੰਡੀਗੜ੍ਹ ਪ੍ਰਸ਼ਾਸਨ ਅਤੇ ਹੋਰ ਕੇਸ ਵਿੱਚ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਅਤੇ ਸੁਪਰੀਮ ਕੋਰਟ ਵੱਲੋਂ ਲਿਆ ਗਿਆ ਟ੍ਰੈਫਿਕ ਨਿਯਮਾਂ ਬਾਰੇ ਫੈਸਲਾ ਸੰਸਥਾ ਤੇ ਇੰਨ ਬਿੰਨ ਲਾਗੂ ਹੋਵੇਗਾ।

ਕ. ਸੰਸਥਾ, ਆਪਣੇ ਟੀਚਿੰਗ ਸਟਾਫ ਨੂੰ ਐਫੀਲੀਏਸ਼ਨ ਵਿਨਿਯਮ 7(iii) ਅਨੁਸਾਰ ਘੱਟੋ-ਘੱਟ ਸਰਕਾਰੀ ਸਕੇਲ ਦੀ ਮੁੱਢਲੀ ਤਨਖਾਹ ਦੇ ਬਰਾਬਰ ਦੀ ਅਦਾਇਗੀ Account Payee's Cheque ਰਾਹੀਂ ਅਦਾ ਕਰੇਗੀ।

ਖ. ਪਿਛਲੇ ਪੰਨੇ ਤੇ ਦਰਜ ਹਦਾਇਤਾਂ ਦੀ ਇੰਨ ਬਿੰਨ ਪਾਲਣਾ ਵੀ ਕੀਤੀ ਜਾਵੇ।

i) ਸੰਸਥਾ ਨੂੰ ਦਸਵੀ ਪੱਧਰ ਲਈ ਅਲਾਟ ਕੀਤਾ ਸਨਾਖਤੀ ਨੰਬਰ 1007 ਰੱਦ ਕੀਤਾ ਜਾਂਦਾ ਹੈ।

ii) ਸੰਸਥਾ ਨੂੰ **ਸੀਨੀਅਰ ਸੈਕੰਡਰੀ ਹਿਊਮੈਂਨਟੀਜ਼ ਅਤੇ ਕਾਮਰਸ ਗਰੁੱਪ** ਲਈ ਨਵਾਂ ਸਕੂਲ ਸਨਾਖਤੀ **ਨੰ: TT-2168** ਅਲਾਟ ਕੀਤਾ ਜਾਂਦਾ ਹੈ।

**ਮਿਤੀ: 16-05-2024**

**ਸਕੱਤਰ**
**ਪੰਜਾਬ ਸਕੂਲ ਸਿੱਖਿਆ ਬੋਰਡ**

**ਨੰਬਰ** (E- 220064 ) **ਐਫੀ:/ਪਸਸਬ-2024/** 2302609310 **ਮਿਤੀ:** 20/6/24

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਲਈ ਭੇਜਿਆ ਜਾਂਦਾ ਹੈ

1. ਨਿੱਜੀ ਸਕੱਤਰ ਟੂ ਚੇਅਰਪਰਸਨ,ਵਾਈਸ ਚੇਅਰਮੈਨ ਨਿੱਜੀ ਸਕੱਤਰ/ ਸਕੱਤਰ ਟੂ ਚੇਅਰਪਰਸਨ / ਵਾਈਸ ਚੇਅਰਮੈਨ ਅਤੇ ਸਕੱਤਰ ਜੀ ਦੀ ਸੂਚਨਾ ਹਿੱਤ।
2. ਕੰਟਰੋਲਰ (ਪ੍ਰੀਖਿਆਵਾਂ)
3. ਉਪ ਸਕੱਤਰ, ਵਿਦਿਅਕ ਯੋਜਨਾ ਅਤੇ ਪੰਜਾਬੀ ਵਿਕਾਸ ਸੈਲ (ਓਪਨ ਸਕੂਲ)
4. ਸਹਾਇਕ ਸਕੱਤਰ (ਕਾਰਜ ਸੰਚਾਲਨ ਸਾਖਾ)
5. ਸਹਾਇਕ ਸਕੱਤਰ, (ਰਜਿ:/ਮਾਈ:)
6. ਜਿਲ੍ਹਾ ਸਿੱਖਿਆ ਅਫਸਰ (ਸ) ਤਰਨ ਤਾਰਨ।
7. ਜਿਲ੍ਹਾ ਮੈਨੇਜਰ, ਖੇਤਰੀ ਦਫਤਰ, ਪੰਜਾਬ ਸਕੂਲ ਸਿੱਖਿਆ ਬੋਰਡ, ਤਰਨ ਤਾਰਨ ।
8. ਸਬੰਧਤ ਸੰਸਥਾ ਮੁੱਖੀ (Email- STRITABHOJIAN@GMAIL.COM
9. ਜੂਨੀਅਰ ਸਹਾਇਕ/ਰਿਕਾਰਡਰ (ਐਫੀਲੀਏਸ਼ਨ)।

20/6/24

**ਸਹਾਇਕ ਸਕੱਤਰ (ਐਫੀਲੀਏਸ਼ਨ)**
**ਵਾ: ਸਕੱਤਰ, ਪੰਜਾਬ ਸਕੂਲ ਸਿੱਖਿਆ ਬੋਰਡ।**

Scanned with OKEN Scanner

**ਹਦਾਇਤਾਂ:-**

1. ਬੋਰਡ ਵੱਲੋਂ ਪ੍ਰਵਾਨਿਤ ਪਾਠ ਪੁਸਤਕਾਂ ਦੀ ਖਰੀਦ ਸਿੱਧੇ ਤੌਰ ਤੇ ਬੋਰਡ ਦੇ ਸਬੰਧਤ ਪਾਠ ਪੁਸਤਕਾਂ ਵਿਕਰੀ ਡਿੱਪੂ ਤੋ ਕੀਤੀ ਜਾਵੇ ਅਤੇ ਖਰੀਦ ਕੀਤੀਆਂ ਕਿਤਾਬਾਂ ਦੇ ਤਸਦੀਕ ਸ਼ੁਦਾ ਬਿੱਲ (ਅਨੁਲੱਗ -ਬੀ) ਰਿਪੋਰਟ ਨਾਲ ਭੇਜੇ ਜਾਣ ਅਤੇ ਪੰਜਾਬ ਸਕੂਲ ਸਿੱਖਿਆ ਵੱਲੋਂ ਪ੍ਰਕਾਸ਼ਿਤ ਪਾਠ ਪੁਸਤਕਾਂ ਪੜਾਈਆਂ ਜਾਣ।
2. ਪੂਰਵ ਪੰਨੇ ਤੇ (ਅ) ਅਨੁਸਾਰ ਵਾਧਾ ਫੀਸ ਅਤੇ ਅਨੁਲੱਗ-ਬੀ ਸਮੇਤ ਦਸਤਾਵੇਜ ਹਰ ਸਾਲ 30 ਸਤੰਬਰ ਤੋ ਪਹਿਲਾਂ ਪਹਿਲਾਂ Online E-Portal ਰਾਹੀਂ ਸਮੇਤ ਫੀਸ ਜਮ੍ਹਾਂ ਕਰਵਾਏ ਜਾਣ। ਸਮੇਂ ਸਿਰ ਸ਼ਰਤਾਂ ਦੀ ਪਾਲਣਾ ਨਾ ਕਰਨ ਦੀ ਸੂਰਤ ਵਿੱਚ ਐਫੀਲੀਏਸ਼ਨ ਵਿਨਿਯਮ-11 ਅਨੁਸਾਰ ਸੰਸਥਾ ਵਿਰੁੱਧ ਕਾਰਵਾਈ ਕੀਤੀ ਜਾਵੇਗੀ।
3. ਪ੍ਰਾਪਤ ਕੀਤੀ ਐਫੀਲੀਏਸ਼ਨ ਦੇ ਪ੍ਰਵਾਨ/ਨਿਰਧਾਰਤ ਸੈਕਸ਼ਨ ਅਨੁਸਾਰ ਹੀ ਸ਼੍ਰੇਣੀਵਾਈਜ਼ ਦਾਖਲਾ ਕੀਤਾ ਜਾਵੇ। ਇਸ ਤੋਂ ਵੱਧ ਦਾਖਲਾ ਕਰਨ, ਦਾਖਲੇ ਦੀ ਨਿਰਧਾਰਤ ਮਿਤੀ ਤੋਂ ਬਾਅਦ ਵਾਧੂ ਵਿਦਿਆਰਥੀ/ਵਾਧੂ ਸੈਕਸ਼ਨ ਦੀ ਪ੍ਰਵਾਨਗੀ ਲਈ ਰੈਗੁਲਰ ਦਾਖਲਿਆਂ ਦੀ ਅੰਤਮ ਮਿਤੀ ਤੋ ਇੱਕ ਮਹੀਨੇ ਦੇ ਅੰਦਰ-ਅੰਦਰ ਤੱਕ ਨਿਰਧਾਰਤ ਪ੍ਰੋਫਾਰਮੇ ਅਤੇ ਫੀਸ ਸਮੇਤ Online E-Portal ਰਾਹੀਂ ਅਪਲਾਈ ਕਰਨਾ ਜ਼ਰੂਰੀ ਹੈ। ਜੇਕਰ ਸੰਸਥਾ ਹਦਾਇਤਾਂ ਅਨੁਸਾਰ ਕਾਰਵਾਈ ਨਹੀਂ ਕਰਦੀ ਤਾਂ ਅਜਿਹੀ ਕੁਤਾਹੀ ਲਈ ਸੰਸਥਾ ਖਿਲਾਫ ਵਿਨਿਯਮਾਂ ਅਨੁਸਾਰ ਕਾਰਵਾਈ ਕੀਤੀ ਜਾਵੇਗੀ ਜਿਸ ਦੀ ਸਾਰੀ ਜਿੰਮੇਵਾਰੀ ਸੰਸਥਾ ਦੀ ਆਪਣੀ ਹੋਵੇਗੀ।
4. ਸੰਸਥਾ ਵੱਲੋਂ ਗਰਮੀ/ਸਰਦੀ ਦੀਆਂ ਛੁੱਟੀਆਂ, ਹਰ ਸਾਲ ਪੰਜਾਬ ਸਰਕਾਰ ਦੇ ਸਰਕਾਰੀ ਸਕੂਲਾਂ ਲਈ ਜਾਰੀ ਕੀਤੇ ਜਾਂਦੇ ਨਿਰਧਾਰਤ ਛੁੱਟੀਆਂ ਦੇ ਸ਼ਡਿਊਲ ਅਨੁਸਾਰ ਹੀ ਕੀਤੀਆਂ ਜਾਣ।
5. ਕਿਸੇ ਵੀ ਅਣਟ੍ਰੇਂਡ ਅਧਿਆਪਕ ਨੂੰ ਤਜ਼ਰਬਾ ਸਰਟੀਫਿਕੇਟ ਜਾਰੀ ਨਾ ਕੀਤਾ ਜਾਵੇ। ਟ੍ਰੇਂਡ ਅਧਿਆਪਕ ਨੂੰ ਤਜ਼ਰਬਾ ਸਰਟੀਫਿਕੇਟ ਜਾਰੀ ਕਰਨ ਵੇਲੇ ਇਹ ਯਕੀਨੀ ਬਣਾਇਆ ਜਾਵੇ ਕਿ ਕੀ ਉਸਦੀ ਨਿਯੁਕਤੀ/ਐਗਰੀਮੈਂਟ ਠੀਕ ਢੰਗ ਨਾਲ ਕੀਤੀ ਗਈ ਹੈ ਅਤੇ ਕੀ ਸਬੰਧਤ ਦੀ ਵੇਰਵਿਆਂ ਸਹਿਤ ਸੂਚਨਾ ਅਨੁਲੱਗ-ਬੀ ਸਲਾਨਾਂ ਪ੍ਰਗਤੀ ਰਿਪੋਰਟ ਰਾਹੀਂ ਹਰ ਸਾਲ ਜਮ੍ਹਾਂ /**Online E-Portal ਅਪਲੋਡ** ,ਕਰਕੇ ਬੋਰਡ ਨੂੰ ਭੇਜੀ ਗਈ ਹੈ ? ਇਸ ਉਪਰੰਤ ਹੀ ਤਜਰਬਾ ਸਰਟੀਫਿਕੇਟ ਪ੍ਰਤੀ ਹਸਤਾਖਰ ਕੀਤਾ ਜਾਵੇਗਾ।
6. ਦਫਤਰ ਵੱਲੋਂ ਨਿਰਧਾਰਤ/ਪ੍ਰਕਾਸ਼ਿਤ ਕੀਤੇ ਗਏ ਦਾਖਲਾ ਖਾਰਜ ਰਜਿਸਟਰ ਹੀ ਲਗਾਏ ਜਾਣ ਅਤੇ ਇਨ੍ਹਾਂ ਨੂੰ ਮੇਨਟੇਨ ਕਰਨ ਵੇਲੇ ਵਿਦਿਆਰਥੀਆਂ ਦੇ ਵੇਰਵੇ ਸਬੂਤਾ ਸਹਿਤ, ਸਹੀ-ਸਹੀ ਅੰਕਿਤ ਕੀਤੇ ਜਾਣ। ਕਿਸੇ ਕਿਸਮ ਦੀ ਕਟਿੰਗ, ਓਵਰ-ਰਾਈਟਿੰਗ ਕਰਨੀ ਵਿਨਿਯਮਾਂ ਦੀ ਉਲੰਘਣਾ ਸਮਝੀ ਜਾਵੇਗੀ। ਇਸ ਲਈ ਦਾਖਲਾ ਖਾਰਜ ਰਜਿਸਟਰ ਦੀ ਪਾਰਦਰਸ਼ਤਾ ਹਰ ਹਾਲਤ ਵਿੱਚ ਯਕੀਨੀ ਬਣਾਈ ਜਾਵੇ।
7. ਸੰਸਥਾ ਵਿੱਚ ਨਿਯੁਕਤ ਕੀਤੇ **ਅਧਿਆਪਕਾਂ/ਕਰਮਚਾਰੀਆਂ ਨੂੰ ਵਿਨਿਯਮਾਂ ਤਹਿਤ ਦਿੱਤੀ ਜਾਂਦੀ ਤਨਖਾਹ Account Payee's Cheque** ਰਾਹੀਂ ਅਦਾ ਕਰਨ ਦਾ ਪੁਖਤਾ ਸਬੂਤ ਵੀ ਸਾਲਾਨਾ ਪ੍ਰਗਤੀ ਰਿਪੋਰਟ (ਅਨੁਲੱਗ-ਬੀ) ਨਾਲ ਭੇਜਿਆ ਜਾਵੇ।
8. ਦਾਖਲਾ ਖਾਰਜ ਰਜਿਸਟਰ ਵਿੱਚ ਵੇਰਵੇ ਪੰਜਾਬੀ ਅਤੇ ਅੰਗਰੇਜੀ ਦੋਵੇਂ ਭਾਸ਼ਾਵਾਂ ਵਿੱਚ ਦਰਜ਼ ਕੀਤੇ ਜਾਣ ।

ਸਹੀ/-
ਸਕੱਤਰ
ਪੰਜਾਬ ਸਕੂਲ ਸਿੱਖਿਆ ਬੋਰਡ

Scanned with OKEN Scanner

Sr. No./ਲੜੀ ਨੰ: 2477

School Code/ਸਕੂਲ ਕੋਡ: 0010312

# ਪੰਜਾਬ ਸਕੂਲ ਸਿੱਖਿਆ ਬੋਰਡ
# Punjab School Education Board

## (ਐਫੀਲੀਏਸ਼ਨ ਸਰਟੀਫਿਕੇਟ)
## (Affiliation Certificate)

ਤਸਦੀਕ ਕੀਤਾ ਜਾਂਦਾ ਹੈ ਕਿ ਸੰਸਥਾ ਹੇਠ ਦਰਜ ਵੇਰਵਿਆਂ ਅਨੁਸਾਰ ਪੰਜਾਬ ਸਕੂਲ ਸਿੱਖਿਆ ਬੋਰਡ ਨਾਲ ਐਫੀਲੀਏਟਿਡ ਹੈ/Certified that below stated Organisation is affiliated to the Punjab School Education Board as per details given below: -

*ਜਿਲ੍ਹਾ / District* : *ਤਰਨ ਤਾਰਨ / TARN TARAN*

*ਸ਼ਨਾਖਤੀ ਨੰ. / Identity No.* : **0001007**

*ਸੰਸਥਾ ਦਾ ਨਾਂ* : *ਸੇਂਟ ਰੀਤਾ ਹਾਈ ਸਕੂਲ, ਭੋਜੀਆਂ (ਤਰਨ ਤਾਰਨ)*

*Name of the Organisation* : **SAINT RITA HIGH SCHOOL, BHOJIAN (TARN TARAN)**

*ਖੇਤਰ / Area* : **RURAL**

*ਸੰਸਥਾ ਦੀ ਕਿਸਮ / Type of Organisation* : **AFFILIATED SCHOOL**

*ਐਫੀਲੀਏਸ਼ਨ ਦਾ ਪੱਧਰ / Affiliated Upto* : **Matriculation**

*ਐਫੀਲੀਏਸ਼ਨ ਦਾ ਵੇਰਵਾ / Affiliation Details* :

| | Middle | Matric | Senior Secondary Groups | | | |
|---|---|---|---|---|---|---|
| | | | Humanities | Science | Commerce | Vocational |
| Session | 1999-00 | 2001-02 | XXX | XXX | XXX | XXX |

ਸਾਹਿਬਜ਼ਾਦਾ ਅਜੀਤ ਸਿੰਘ ਨਗਰ
Sahibzada Ajit Singh Nagar
ਮਿਤੀ / Date **08/05/2015**

Lakhbir Singh
ਇੰਚਾਰਜ ਐਫੀਲੀਏਸ਼ਨ / Incharge Affiliation

Gurinder Pal Singh
ਸਕੱਤਰ / Secretary

Scanned with OKEN Scanner